## ਰਾਮ ਨਾਮੁ ਲੇਤ ਹੀ

**(ਰਾਗੁ ਟੋਡੀ ਭਗਤ ਨਾਮਦੇਵ ਜੀ)**

**ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥**

**ਪਤਿਤ ਪਵਿਤ ਭਏ ਰਾਮੁ ਕਹਤ ਹੀ॥੧॥ਰਹਾਉ॥**

ਇਹ ਸ਼ਬਦ ਟੋਡੀ ਰਾਗ ਵਿਚ, ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੭੧੮ ਤੇ ਸੁਭਾਇਮਾਨ ਹੈ।

- - ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਰਾਮ ਪ੍ਰਭੂ ਹਰੀ ਦਾ ਨਾਮ ਜਪਦਿਆਂ, ਸਿਮਰਨ ਕੀਤਿਆਂ ਹੀ ਕਿਸੇ ਮਾੜੇ ਕੀਤੇ ਕਰਮ ਦਾ ਕਲੰਕ ਬਾਕੀ ਨਹੀਂ ਰਹਿ ਜਾਂਦਾ। ਇਹ ਗਲ ਉਨ੍ਹਾਂ ਨੇ ਪ੍ਰਸ਼ਨਵਾਚਕ ਢੰਗ ਨਾਲ ਸਮਝਾਈ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ 'ਜਪੁ' ਬਾਣੀ ਵਿਚ ਹੀ ਸਪੱਸ਼ਟ ਫ਼ੁਰਮਾਣ ਕਰ ਦਿਤਾ ਹੋਇਆ ਹੈ ਕਿ ਪਾਪਾਂ ਦੇ ਨਾਲ ਭਰੀ ਹੋਈ ਮੱਤ ਨੂੰ ਨਾਮ ਨਾਲ, ਸਿਮਰਣ ਨਾਲ ਧੋਤਾ ਜਾ ਸਕਦਾ ਹੈ - 'ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥', ਪੰਨਾ ੪. ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਹੇ ਮੇਰੇ ਮਨ 'ਹਰਿ ਹਰਿ', **ਵਾਹਿਗੁਰੂ ਵਾਹਿਗੁਰੂ...** ਕਰੇ ਕੇ ਨਾਮ ਸਿਮਰ ! ਜਿਸ ਦਾ ਸਿਮਰਨ ਕਰਨ ਨਾਲ ਸਾਰੇ ਵਡੇ ਤੋਂ ਵਡੇ ਪਾਪ ਲਹਿ ਜਾਂਦੇ ਹਨ - 'ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭ ਕਿਲਵਿਖ ਪਾਪ ਲਹਾਤੀ॥', ਅੰਕ ੮੮. ਪੰਜਵੇਂ ਪਾਤਸ਼ਾਹ ਵੀ ਸੁਖਮਨੀ ਸਾਹਿਬ ਵਿਚ ਸਪੱਸ਼ਟ ਕਰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰਨ ਦੇ ਨਾਲ ਮਨ ਤੋਂ ਪਾਪਾਂ ਦੀ ਮੈਲ ਲਹਿ ਜਾਂਦੀ ਹੈ - 'ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥', ਅੰਕ ੨੬੨.

- - ਮਾੜੇ ਤੋਂ ਮਾੜੇ ਕਰਮ ਕਰਨ ਵਾਲੇ ਵੀ ਰਾਮ ਪ੍ਰਭੂ ਦਾ ਨਾਮ ਸਿਮਰਣ ਕੀਤਿਆ ਹੀ ਪਵਿਤਰ ਹੋ ਗਏ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਬਚਨ ਹਨ ਵਾਹਿਗੁਰੂ ਦਾ ਨਾਮ ਦੁਖਾਂ ਨੂੰ ਹਰਣ ਵਾਲਾ ਹੈ, ਜਿਸ ਦੇ ਜਪਣ ਸਿਮਰਣ ਨਾਲ ਅਜਾਮਲ, ਗਨਿਕਾ ਤਰ ਗਏ, ਹਾਥੀ ਦੀ ਵੀ ਰਖਿਆ ਹੋਈ, ਧ੍ਰੂ ਨੂੰ ਅਟਲ ਪਦਵੀ ਪ੍ਰਾਪਤ ਹੋ ਗਈ - 'ਦੁਖ ਹਰਤਾ ਹਰਿ ਨਾਮੁ ਪਛਾਨੋ॥ ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥..ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥ ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥..', ਪੰਨਾ ੮੩੦. ਹੋਰ ਥਾਈਂ ਬਚਨ ਕਰਦੇ ਹਨ ਕਿ ਹਰੀ ਪ੍ਰਭੂ ਦਾ ਨਾਮ ਸਦਾ ਹੀ ਸੁਖਦਾਈ ਹੁੰਦਾ ਹੈ। ਇਸ ਨੂੰ ਜਪਣ ਨਾਲ ਅਜਾਮਲ ਅਤੇ ਗਨਿਕਾ ਵਰਗੇ ਮੰਦ ਕਰਮੀਆਂ ਦਾ ਵੀ ਉਧਾਰ ਹੋ ਗਿਆ - 'ਹਰਿ ਕੋ ਨਾਮੁ ਸਦਾ ਸੁਖਦਾਈ॥ ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥', ਪੰਨਾ ੧੦੦੮. ਪੰਜਵੇਂ ਪਾਤਸ਼ਾਹ ਨੇ ਅੰਕ ੧੧੯੨ ਤੇ 'ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥' ਸ਼ਬਦ ਵਿਚ ਹੋਰ ਬਾਲਮੀਕ, ਧ੍ਰੂ, ਗਨਿਕਾ, ਗਜਇੰਦ੍ਰ, ਸੁਦਾਮਾ, ਬਧਿਕ, ਪ੍ਰਹਲਾਦ, ਦ੍ਰੋਪਤੀ, ਧੰਨਾ, ਤ੍ਰਿਲੋਚਨ, ਬੇਣੀ, ਜੈਦੇਵ, ਸੈਣ, ਕਬੀਰ, ਨਾਮਦੇਵ, ਰਵਿਦਾਸ ਭਗਤਾਂ ਦੇ ਨਾਂ ਲੈ ਕੇ ਫ਼ੁਰਮਾਣ ਕੀਤਾ ਹੈ ਕਿ ਇਨ੍ਹਾਂ ਸਾਰਿਆਂ ਦਾ ਗੁਰੂ ਅਨੁਸਾਰੀ ਹੋ ਕੇ ਨਾਮ ਜਪਣ, ਸਿਮਰਣ ਕਰਨ ਨਾਲ ਪਾਰ ਉਤਾਰਾ ਹੋ ਗਿਆ। ਭਗਤ ਨਾਮਦੇਵ ਜੀ ਨੇ ਤਾਂ ਇਥੋਂ ਤਕ ਬਚਨ ਕਰ ਦਿਤੇ ਹਨ ਕਿ ਪ੍ਰਭੂ ਨੇ 'ਰਾਮ' ਲਿਖਣ ਨਾਲ ਪਥਰ ਵੀ ਪਾਣੀ ਤੇ ਤਾਰ ਦਿਤੇ ਤਾਂ **ਰਾਮ ਰਾਮ...** ਜਾਂ **ਵਾਹਗੁਰੂ ਵਾਹਗੁਰੂ...**

ਜਪਣ ਵਾਲੇ ਵਿਅਕਤੀ, ਭਵਸਾਗਰ ਤੋਂ ਕਿਉਂ ਨਾ ਤਰਨਗੇ - 'ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥', ਅੰਕ ੩੪੫.

**ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥**

**ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ॥੧॥**

-- ਭਗਤ ਨਾਮਦੇਵ ਜੀ ਬਚਨ ਕਰਦੇ ਹਨ ਕਿ ਉਨ੍ਹਾਂ ਨੂੰ **ਰਾਮ ਰਾਮ..**, ਭਾਵ, ਸਿਮਰਨ ਦੀ ਸੰਗਤਿ ਵਿਚ ਜੁੜਨ ਕਰ ਕੇ ਇਹ ਦ੍ਰਿੜ ਨਿਸ਼ਚਾ ਬਣ ਗਿਆ, ਇਹ ਸਮਝ, ਪ੍ਰਤੀਤੀ ਆ ਗਈ ਕਿ

-- ਸਿਵਾਏ ਰਾਮ ਨਾਮ ਦਾ ਜਾਪ ਕਰਨ ਦੇ, ਜਿਤਨੇ ਮਰਜ਼ੀ ਏਕਾਦਸੀ ਆਦਿ ਦੇ ਵਰਤ ਅਤੇ ਤੀਰਥ ਗਮਨ, ਯਾਤਰਾ ਤੇ ਕਿਉਂ ਜਾਇਆ ਜਾਏ, ਇਨ੍ਹਾਂ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋਣੀ, ਉਹ ਤਾਂ ਸਿਮਰਨ ਕੀਤਿਆਂ ਹੀ ਹੋਣੀ ਹੈ।

ਤਾਂ ਹੀ ਤਾਂ ਭਗਤ ਨਾਮਦੇਵ ਜੀ ਨੇ ਸਪੱਸ਼ਟ ਹੀ ਦਸ ਦਿਤਾ ਕਿ ਉਨ੍ਹਾਂ ਨੇ ਤਾਂ ਸਿਮਰਨ ਕਰ ਕੇ ਹੀ ਪ੍ਰਭੂ ਨੂੰ ਜਾਣਿਆ ਹੈ, ਉਨ੍ਹਾਂ ਦਾ ਆਤਮਾ ਜਗਤ ਦੇ ਸੁਆਮੀ ਪ੍ਰਭੂ ਵਿਚ ਲੀਨ ਹੋ ਗਿਆ ਹੈ - 'ਨਾਮਦੇਇ ਸਿਮਰਨੁ ਕਰਿ ਜਾਨਾਂ॥ ਜਗਜੀਵਨ ਸਿਉ ਜੀਉ ਸਮਾਨਾਂ॥', ਅੰਕ ੮੫੮.

ਮਹਾਨ ਕੋਸ਼ ਅਨੁਸਾਰ ਏਕਾਦਸੀ ਦਾ ਵਰਤ ਚੰਨ ਦੇ ਮਹੀਨੇ ਦੇ ਹਨੇਰੇ ਅਤੇ ਚਾਨਣੇ ਪੱਖ ਦੇ ਗਿਆਰਵੇਂ ਦਿਨਾਂ ਨੂੰ ਰਖੇ ਵਰਤਾਂ ਨੂੰ ਕਹਿੰਦੇ ਹਨ, ਜਿਨ੍ਹਾਂ ਨੂੰ ਬਹੁਤ ਵਡਾ ਪੁੰਨ ਕਰਮ ਮੰਨਿਆਂ ਜਾਂਦਾ ਹੈ। ਇਸ ਦਿਨ ਅੰਨ ਖਾਣਾ ਪਾਪ ਮੰਨਿਆਂ ਜਾਂਦਾ ਹੈ। ਪਰ ਹਿੰਦੂ ਰੀਤੀ ਵਿਚ ਹੋਰ ਵੀ ਕਈ ਵਰਤ ਰਖੇ ਜਾਂਦੇ ਹਨ, ਜਿਨ੍ਹਾਂ ਦਾ ਖੰਡਨ, ਗੁਰਬਾਣੀ ਵਿਚ ਕਈ ਥਾਈਂ ਕੀਤਾ ਗਿਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਪੰਡਤ ਨੂੰ ਸੰਬੋਧਨ ਕਰਦਿਆਂ ਬਚਨ ਕੀਤੇ ਹਨ ਕਿ ਦਸਮੀ ਉਹ ਹੈ ਜੇ ਦਸਾਂ ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕ ਰਖੀਏ, ਏਕਾਦਸੀ ਉਹ ਹੈ ਜੇ ਇਕ ਪ੍ਰਭੂ ਨੂੰ ਸਭ ਦਿਸ਼ਾਵਾਂ ਵਿਚ ਵਿਆਪਕ ਅਨੁਭਵ ਕਰੀਏ, ਦੁਆਦਸੀ ਉਹ ਹੈ ਕਿ ਪੰਜੇ ਵਿਕਾਰਾਂ ਨੂੰ ਵਸ ਕਰ ਲਈਏ ਤਾਂ, ਮੇਰਾ ਨਾਨਕ ਦਾ ਮਨ ਮੰਨਦਾ ਹੈ, ਪ੍ਰਸੰਨ ਹੁੰਦਾ ਹੈ। ਹੇ ਪਾਂਡੇ ! ਤੂੰ ਇਹੋ ਜਿਹਾ ਵਰਤ ਰਖੇਂ ਤਾਂ ਹੋਰ ਕਿਸੇ ਉਪਦੇਸ਼ ਦੇਣ ਦੀ ਲੋੜ ਨਹੀਂ ਰਹਿ ਜਾਂਦੀ - 'ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ॥ ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ॥ ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ॥', ਅੰਕ ੧੨੪੫. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਵੀ ਅਤਿਅੰਤ ਸੁੰਦਰ ਢੰਗ ਨਾਲ ਉਪਦੇਸ਼ ਕੀਤਾ ਹੈ ਕਿ ਏਕਾਦਸੀ ਉਹ ਹੈ ਜੇ ਰਾਮ ਪ੍ਰਭੂ ਪਰਮਾਤਮਾ ਨੂੰ ਆਪਣੇ ਕੋਲ ਵਸਦਾ ਵੇਖ ਲਿਆ ਹੋਵੇ; ਇੰਦ੍ਰੀਆਂ ਨੂੰ ਵਸ ਵਿਚ ਕਰ ਕੇ ਪ੍ਰਭੂ ਦਾ ਨਾਮ, ਅਨਹਤ ਸਬਦ ਸ੍ਰਵਣ ਕਰ ਲਿਆ ਹੋਵੇ; ਮਨ ਵਿਚ ਸੰਤੋਖ ਅਤੇ ਸਭ ਜੀਆਂ ਲਈ ਦਇਆ ਵਸ ਗਏ ਹੋਣ; ਇਨ੍ਹਾਂ ਸਭ ਨੂੰ ਪ੍ਰਾਪਤ ਕਰ ਕੇ ਤੇਰਾ ਵਰਤ ਸੰਪੂਰਨ ਮੰਨਿਆਂ ਜਾ ਸਕਦਾ ਹੈ - 'ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ॥ ਮਨਿ ਸੰਤੋਖੁ ਸਰਬ ਜੀਅ ਦਇਆ॥ ਇਨ ਬਿਧਿ ਬਰਤੁ ਸੰਪੂਰਨ ਭਇਆ॥', ਅੰਕ ੨੯੯.

ਭਗਤ ਕਬੀਰ ਜੀ ਨੇ ਕਿਸੇ ਵੀ ਤਰ੍ਹਾਂ ਨਾਲ ਅੰਨ ਦੇ ਤਿਆਗ ਦੀ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸ ਤੇ ਉਨ੍ਹਾਂ ਦਾ ਇਕ ਪੂਰਾ ਸ਼ਬਦ ਅੰਕ ੮੭੩ ਤੇ ਸੁਸ਼ੋਭਤ ਹੈ। ਆਪ ਜੀ ਦੇ ਬਚਨ ਹਨ ਕਿ ਜੋ ਪ੍ਰਾਣੀ ਅੰਨ ਦਾ ਤਿਆਗ ਕਰਦਾ ਹੈ ਉਹ ਤਿੰਨਾ ਲੋਕਾਂ ਵਿਚ ਆਪਣੀ ਪਤ, ਇਜ਼ੱਤ ਗੁਆ ਲੈਂਦਾ ਹੈ; ਜੋ ਇਸਤ੍ਰੀ ਕਰਵਾ ਆਦਿ ਦੇ ਵਰਤ ਰਖਦੀ ਹੈ ਉਹ ਪਖੰਡ ਕਰਦੀ ਹੈ, ਨਾ ਉਹ ਸੁਹਾਗਣ ਹੀ ਬਣ ਸਕਦੀ ਹੈ ਨਾ ਰੰਡੀ; ਅੰਨ ਬਿਨਾ ਕਦੇ ਸੁਖ

ਪ੍ਰਾਪਤ ਨਹੀਂ ਹੋ ਸਕਦਾ ਅਤੇ ਨਾ ਹੀ ਅੰਨ ਦਾ ਤਿਆਗ ਕਰਨ ਨਾਲ ਪਰਮੇਸ਼ਰ ਦੀ ਪ੍ਰਾਪਤੀ ਹੀ ਸੰਭਵ ਹੈ - 'ਅੰਨੈ ਬਾਹਰਿ ਜੋ ਨਰ ਹੋਵਹਿ॥ ਤੀਨਿ ਭਵਨ ਮਹਿ ਅਪਨੀ ਖੋਵਹਿ॥..ਛੋਡਹਿ ਅੰਨੁ ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥..ਅੰਨੈ ਬਿਨਾ ਨ ਹੋਇ ਸੁਕਾਲੁ॥ ਤਜਿਐ ਅੰਨਿ ਨ ਮਿਲੈ ਗੋਪਾਲੁ॥'

ਇਸੇ ਤਰ੍ਹਾਂ ਤੀਰਥ ਗਮਨ/ਇਸ਼ਨਾਨ ਦੀ ਗੁਰਬਾਣੀ ਵਿਚ ਕੋਈ ਮਹੱਤਤਾ ਨਹੀਂ ਮੰਨੀ ਗਈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ 'ਜਪੁ' ਬਾਣੀ ਦੀ ਛੇਵੀਂ ਪਉੜੀ ਵਿਚ ਹੀ ਪ੍ਰਸ਼ਨਵਾਚਕ ਢੰਗ ਨਾਲ ਤੀਰਥ ਇਸ਼ਨਾਨ ਦੀ ਮਹੱਤਤਾ ਨੂੰ ਅਸਵੀਕਾਰ ਕੀਤਾ ਹੈ ਕਿ ਤੀਰਥ ਇਸ਼ਨਾਨ, ਤਾਂ ਕੀਤਾ ਜਾਏ ਜੇ ਇਸ ਨਾਲ ਪ੍ਰਭੂ ਪ੍ਰਸੰਨ ਹੁੰਦਾ ਹੋਏ, ਪਰ ਜੇ ਤੀਰਥ ਇਸ਼ਨਾਨ ਦੇ ਕੀਤਿਆਂ ਪ੍ਰਭੂ ਪ੍ਰਸੰਨ ਨਹੀਂ ਹੁੰਦਾ ਤਾਂ ਉਹ ਕਿਉਂ ਕਰੀਏ - 'ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥' ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਜੇ ਜਲ ਨਾਲ ਇਸ਼ਨਾਨ ਕੀਤਿਆਂ ਪਰਮਗਤੀ ਪ੍ਰਾਪਤ ਹੁੰਦੀ ਹੋਏ ਤਾਂ ਡਡੂ ਤਾਂ ਹਮੇਸ਼ਾ ਜਲ ਨਾਲ ਇਸ਼ਨਾਨ ਕਰਦੇ ਹੀ ਰਹਿੰਦੇ ਹਨ, ਪਰ ਜਿਵੇਂ ਉਹ ਡਡੂ ਆਵਾਗਮਨ ਦੇ ਚਕਰ ਤੋਂ ਮੁਕਤ ਨਹੀਂ ਹੋ ਸਕਦੇ ਇਸੇ ਤਰ੍ਹਾਂ ਉਹ ਮਨੁਖ ਵੀ ਫ਼ਿਰ ਫ਼ਿਰ ਜੂਨੀਆਂ ਵਿਚ ਭਟਕਦੇ ਰਹਿੰਦੇ ਹਨ। ਭਗਤ ਜੀ ਸਪੱਸ਼ਟ ਉਪਦੇਸ਼ ਕਰਦੇ ਹਨ ਕਿ ਮਨੁਖ ਨੂੰ ਹਮੇਸ਼ਾਂ ਪ੍ਰਭੂ ਨੂੰ ਧਿਆਉਣਾ ਸਿਮਰਨਾ ਚਾਹੀਦਾ ਹੈ, ਐਵੇਂ ਸਾਰਾ ਸੰਸਾਰ ਤਾਂ ਫ਼ੋਕੇ ਕਰਮ ਕਾਂਡ ਵਿਚ ਹੀ ਬਾਵਰਾ ਹੋਇਆ ਫ਼ਿਰਦਾ ਹੈ- 'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥..ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ॥', ਪੰਨਾ ੪੮੪. ਥਾਂ ਥਾਂ ਤੇ ਗੁਰਬਾਣੀ ਵਿਚ ਬਹੁਤ ਹੀ ਜ਼ੋਰਦਾਰ ਸ਼ਬਦਾਂ ਵਿਚ ਤੀਰਥ ਗਮਨ ਦੀ ਬਜਾਏ ਭਗਤ ਜਨਾਂ ਦੀ ਸੰਗਤਿ ਅਤੇ ਨਾਮ ਸਿਮਰਨ ਦਾ ਉਪਦੇਸ਼ ਦਿਤਾ ਗਿਆ ਹੈ।

**ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ॥**

**ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥੨॥੨॥**

-- ਭਗਤ ਨਾਮਦੇਵ ਜੀ ਬਚਨ ਕਰਦੇ ਹਨ ਕਿ ਸਿਮਰਨ ਦੀ ਕਮਾਈ ਕਰਨ ਨਾਲ ਮਨੁਖ ਚੰਗੀ ਕਰਨੀ ਅਤੇ ਸੋਹਣੀ ਮੱਤ ਵਾਲੇ ਹੋ ਜਾਂਦੇ ਹਨ।

-- ਗੁਰੂ ਦੀ ਮੱਤ ਧਾਰਨ ਕਰਨ, ਸੰਤ ਜਨਾਂ ਦੀ ਸੰਗਤਿ ਕਰਨ ਨਾਲ ਰਾਮ ਪ੍ਰਭੂ ਦਾ ਨਾਮ ਜਪਣ ਨਾਲ ਕੌਣ ਕੌਣ ਬੈਕੁੰਠ ਨਹੀਂ ਗਏ। ਭਾਵ, ਜੋ ਕੋਈ ਵੀ ਸੰਤ ਜਨਾਂ ਦੀ ਸੰਗਤਿ ਕਰਦੇ ਹੋਏ ਪ੍ਰਭੂ ਦਾ ਸਿਮਰਨ ਕਰਦੇ ਹਨ, ਉਨ੍ਹਾਂ ਸਾਰਿਆਂ ਨੂੰ ਪਰਮਗਤੀ ਪ੍ਰਾਪਤ ਹੁੰਦੀ ਹੀ ਹੁੰਦੀ ਹੈ।੨।੨।

ਪੰਜਵੇਂ ਪਾਤਸ਼ਾਹ ਦੇ ਫ਼ੁਰਮਾਣ ਨੇ ਤਾਂ ਅਖੀਰਲਾ ਨਿਰਨਾ ਹੀ ਕਰ ਦਿਤਾ ਕਿ ਵਾਹਗੁਰੂ ਦੇ ਸਿਮਰਨ ਨੇ ਕਿਸ ਕਿਸ ਨੂੰ ਨਹੀਂ ਤਾਰਿਆ, ਭਾਵ, ਜਿਨ੍ਹਾਂ ਜਿਨ੍ਹਾਂ ਨੇ ਵੀ ਭਗਤ ਜਨਾਂ ਦੀ ਸੰਗਤਿ ਅਤੇ ਸਿਮਰਨ ਕੀਤਾ, ਉਹ ਸਾਰੇ ਭਵਸਾਗਰ ਤਰ ਗਏ, ਭਾਵੇਂ ਉਹ ਕਿਸੇ ਵੀ ਸਰੀਰ ਵਿਚ ਸਨ, ਪੰਛੀ, ਮਛੀ, ਮ੍ਰਿਗ, ਸੂਰ, ਦੇਵ ਜਾਂ ਦੈਂਤ, ਜਖ, ਕਿੰਨਰ ਜਾਂ ਨਰ - 'ਹਰਿ ਕੈ ਭਜਨਿ ਕਉਨ ਕਉਨ ਨ ਤਾਰੇ॥ ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ॥ ਦੇਵ ਕੁਲ ਦੈਤ ਕੁਲ ਜਖੵ ਕਿੰਨਰ ਨਰ ਸਾਗਰ ਉਤਰੇ ਪਾਰੇ॥ **ਜੋ ਜੋ ਭਜਨੁ ਕਰੇ ਸਾਧੂ ਸੰਗਿ** ਤਾ ਕੇ ਦੂਖ ਬਿਦਾਰੇ॥', ਅੰਕ ੧੨੬੯. ਸਪਸ਼ਟ ਹੈ, ਇਸ ਸੰਸਾਰ ਸਾਗਰ ਨੂੰ ਤਰਨ ਦੇ ਦੋ ਹੀ ਉਪਾਅ ਹਨ, ਸਾਧੂ ਦੀ ਸੰਗਤਿ ਅਤੇ ਸਿਮਰਣ। ਇਹ ਇਕਠੇ ਹੀ ਚਲਦੇ ਹਨ। ਮਹਾਰਾਜ ਦੇ ਬਚਨ ਹਨ ਕਿ ਪ੍ਰਭੂ ਦੇ ਸਿਮਰਨ ਨਾਲ ਨੀਚ ਮਨੁਖ ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ, ਨਾਮ ਜਪਣ ਨਾਲ ਉਹ ਚਾਰੇ ਕੁੰਟਾਂ ਵਿਚ ਪ੍ਰਸਿਧ ਹੋ ਜਾਂਦੇ ਹਨ ਅਤੇ ਮੰਨਿਆਂ

ਜਾਣ ਲਗ ਪੈਂਦਾ ਹੈ, ਅਜਿਹਾ ਕੌਣ ਹੈ ਜੋ ਪ੍ਰਭੂ/ਗੁਰਜੋਤਿ ਦੀ ਸੇਵਾ/ਸਿਮਰਨ ਨਾਲ ਨਹੀਂ ਤਰਿਆ, ਭਾਵ, ਸਾਰੇ ਤਰ ਗਏ - 'ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥..ਦਰਸਨੁ ਮਾਗਉ ਦੇਹ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥', ਅੰਕ ੩੮੬.

ਭਗਤ ਨਾਮਦੇਵ ਜੀ ਵੀ ਇਹੀ ਸਚ ਉਪਦੇਸ਼ ਕਰ ਰਹੇ ਹਨ ਕਿ ਹੇ ਪੂਜਯ ਪ੍ਰਭੂ ! ਜਿਨਾਂ ਪਥਰਾਂ ਤੇ ਵੀ ਰਾਮ ਦਾ ਨਾਮ ਲਿਖਿਆ ਗਿਆ ਸੀ, ਤੂੰ ਤਾਂ ਉਹ ਵੀ ਤਾਰ ਦਿਤੇ ਤਾਂ ਫ਼ਿਰ ਜਿਨ੍ਹਾਂ ਨੇ ਰਾਮ ਦਾ ਨਾਮ ਜਪਿਆ ਹੋਵੇ ਉਹ ਕਿਉਂ ਨਾ ਤਰਨਗੇ। ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਰਾਮ ਦੇ ਨਾਮ ਦਾ ਜਾਪ, ਸਿਮਰਨ ਕੀਤਾ - 'ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥... ਹਉ ਬਲਿ ਬਲਿ ਜਿਨ ਰਾਮ ਕਹੇ॥.. ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ॥', ਅੰਕ ੩੪੫. ਅਗੇ ਇਸੇ ਸ਼ਬਦ ਵਿਚ ਭਗਤ ਜੀ ਗਨਿਕਾ, ਕੁਬਿਜਾ, ਬਧਿਕ, ਬਿਦਰ ਅਤੇ ਸੁਦਾਮਾ ਦੀਆਂ ਮਿਸਾਲਾਂ ਦੇ ਕੇ ਸਮਝਾਉਂਦੇ ਹਨ ਕਿ ਜਿਨ੍ਹਾਂ ਨੇ ਵੀ ਰਾਮ ਦਾ ਨਾਮ ਜਪਿਆ ਉਨ੍ਹਾਂ ਦਾ ਪਾਰ ਉਤਾਰਾ ਸਮੇਂ ਸਮੇਂ ਤੇ ਗੁਰਜੋਤਿ ਨੇ ਕਰ ਦਿਤਾ।

ਮਾਰੂ ਰਾਗ ਵਿਚ ਵੀ ਭਗਤ ਨਾਮਦੇਵ ਜੀ ਨੇ ਉਪਦੇਸ਼ ਕੀਤਾ ਹੈ ਕਿ ਪ੍ਰਭੂ ਪਰਮਾਤਮਾ, ਰਾਜਾ ਰਾਮ ਦਾ ਸਿਮਰਨ, ਜਿਸ ਜਿਸ ਪ੍ਰਾਣੀ ਨੇ ਵੀ ਕੀਤਾ ਅਤੇ ਨਾਲ ਭਗਤ ਜਨਾਂ ਦੀ ਸੰਗਤਿ ਕੀਤੀ, ਉਹ ਸਭ ਤਰ ਗਏ ਅਤੇ ਉਨ੍ਹਾਂ ਦਾ ਵੀ ਨਾਂ ਭਗਤ ਪੈ ਗਿਆ। ਉਨ੍ਹਾਂ ਨੇ ਅੰਬਰੀਕ, ਭਭੀਖਨਸੁਦਾਮਾ, ਪ੍ਰਹਿਲਾਦ, ਰਾਜਾ ਬਲ ਦੀਆਂ ਉਦਾਹਰਣਾਂ ਦੇ ਕੇ ਇਹ ਤੱਥ ਸਮਝਾਇਆ ਹੈ - 'ਰਾਜਾ ਰਾਮ ਜਪਤ ਕੋ ਕੋ ਨ ਤਰਿਓ॥ ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ॥..ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ॥ ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ॥ ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥ ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥', ਪੰਨਾ ੧੧੦੫. ਇਥੇ 'ਰਾਜਾ ਰਾਮ' ਸ਼ਬਦ ਪਰਮਾਤਮਾ ਲਈ ਵਰਤਿਆ ਗਿਆ ਹੈ ਪਰ ਨਾਲ ਹੀ ਇਹ ਸਮੇਂ ਦੇ ਗੁਰ-ਜੋਤਿ ਵਲ ਵੀ ਇਸ਼ਾਰਾ ਹੈ।

ਮੁਕਦੀ ਗਲ, ਗਰਮਤਿ ਅਨੁਸਾਰ ਕਿਸੇ ਵੀ ਕਰਮ ਕਾਂਡ ਨਾਲ ਭਵਸਾਗਰ ਨਹੀਂ ਤਰਿਆ ਜਾ ਸਕਦਾ। ਇਸ ਦਾ ਇਕੋ-ਇਕ ਰਾਹ ਹੈ, ਸਾਧੂ, ਭਗਤ ਦੀ ਸੰਗਤਿ ਅਤੇ ਪ੍ਰਭੂ ਦਾ ਪ੍ਰੇਮ ਭਿੰਨਾ ਸਿਮਰਨ। ਜਿਸ ਜਿਸ ਨੇ ਵੀ ਇਹ ਕੰਮ ਕਰ ਲਿਆ, ਉਸ ਦੇ ਸਭ ਪਾਪ ਦੋਖ ਧੋਤੇ ਗਏ ਅਤੇ ਉਹ ਉਹ ਪਰਮਗਤੀ ਨੂੰ ਪ੍ਰਾਪਤ ਹੋਇਆ।

